# ਇਕ ਬਾਰ ਫਿਰ ਲੋਕਾਂ ਨੂੰ ਲੁੱਟਕੇ ਅਮੀਰਾਂ ਦੀਆਂ ਜੇਬਾਂ ਭਰਨ ਦਾ ਬਜਟ

ਖਜਾਨਾ ਮੰਤਰੀ ਚਿਦੰਬਰਮ ਨੇ ਮਾਰਚ 1,2006 ਨੂੰ 2006 ਲਈ ਪਾਰਲੀਮੈਂਟ ਵਿਚ ਬਜਟ ਪੇਸ਼ ਕੀਤਾ ਹੈ। ਇਕ ਬਾਰ ਫਿਰ ਇਸ ਬਜਟ ਵਿਚ ਲੋਕਾਂ ਦੀਆਂ ਲੋੜਾਂ ਅਤੇ ਜ਼ਰੂਰਤਾਂ ਉੱਤੇ ਪੈਸਾ ਖਰਚ ਕਰਨ ਦੀ ਬਜਾਏ ਅਮੀਰਾਂ ਦੀਆਂ ਜੇਬਾਂ ਭਰਨ ਦਾ ਹੀ ਇੰਤਜ਼ਾਮ ਕੀਤਾ ਗਿਆ ਹੈ।

ਇਸ ਬਜਟ ਵਿਚ ਕੁਲ ਖਰਚਾ 514344 ਕਰੋੜ ਰੁਪਏ ਹੋਣ ਦਾ ਅੰਦਾਜ਼ਾ ਲਾਇਆ ਗਿਆ ਹੈ। ਇਸ ਕੁਲ ਖਰਚੇ ਵਿਚੋਂ 381929 ਕਰੋੜ ਰੁਪਿਆ ਕਰਜੇ ਅਤੇ ਵਿਆਜ ਭੁਗਤਾਨ ਤੇ ਖਰਚਿਆ ਜਾਵੇਗਾ ਜੋ ਕਿ ਇਸ ਬਜਟ ਦਾ 74.60% ਹੈ। ਇਸਦੇ ਨਾਲ ਹੀ ਫੌਜ ਅਤੇ ਅਸਲੇ ਤੇ 83000 ਕਰੋੜ ਰੁਪਏ ਖ਼ਰਚਣ ਦੀ ਵਿਉਂਤ ਬਣਾਈ ਗਈ ਹੈ ਜੋ ਕਿ ਇਸ ਬਜਟ ਦਾ 16% ਹੈ। ਇਸ ਬਜਟ ਵਿਚ ਸਮਾਜਿਕ ਸੇਵਾਵਾਂ ਜਿਵੇਂ ਕਿ ਖੇਤੀ, ਸਨਅਤ, ਬਿਜਲੀ, ਯਾਤਾਯਾਤ, ਵਿਗਿਆਨ ਅਤੇ ਤਕਨੀਕੀ ਸੇਵਾਂਵਾਂ ਤੇ 13413 ਕਰੋੜ ਖਰਚ ਕਰਣ ਦੀ ਯੋਜਨਾ ਹੈ ਜੋ ਇਸ ਬਜਟ ਦਾ ਸਿਰਫ 2.6% ਹੀ ਹੈ। ਇਸਦੇ ਇਲਾਵਾ ਤਾਲੀਮ, ਸਿਹਤ ਅਤੇ ਪ੍ਰਸਾਰਣ ਤੇ 7522 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਹੈ ਜੋ ਕਿ ਇਸ ਬਜਟ ਦਾ ਸਿਰਫ 1.46% ਹੀ ਹੈ।

ਇਸ ਬਜਟ ਵਿਚ ਆਮ ਇਸਤੇਮਾਲ ਵਿਚ ਆਉਣ ਵਾਲੀਆਂ ਵਸਤਾਂ ਤੇ ਸਿੱਧੇ ਅਤੇ ਅਸਿੱਧੇ ਟੈਕਸਾਂ ਨੂੰ ਵੀ ਵਧਾਇਆ ਗਿਆ ਹੈ ਮਿਸਾਲ ਦੇ ਤੌਰ ਤੇ ਡੀਜ਼ਲ ਅਤੇ ਪਟਰੌਲ ਤੇ 50 ਪੈਸੇ ਫੀ ਲੀਟਰ ਟੈਕਸ ਹੋਰ ਵਧਾ ਦਿਤਾ ਗਿਆ ਹੈ। ਸਰਮਾਏਦਾਰਾਂ ਦੀਆਂ ਕੰਪਨੀਆਂ ਉਤੇ ਟੈਕਸ ਵਿਚ ਕਟੌਤੀ ਦਾ ਪ੍ਰਬੰਧ ਵੀ ਇਸ ਬਜਟ ਵਿਚ ਕੀਤਾ ਗਿਆ ਹੈ।

ਇਹ ਬਜਟ ਇਕ ਬਾਰ ਫਿਰ ਸਾਫ ਦਸਦਾ ਹੈ ਕਿ ਹਿੰਦੁਸਤਾਨੀ ਰਾਜ ਤੰਤਰ ਅਤੇ ਰਾਜ ਪ੍ਰਬੰਧ ਲੋਕਾਂ ਨੂੰ ਲੁੱਟਣ ਅਤੇ ਅਮੀਰਾਂ ਦੀਆਂ ਜੇਬਾਂ ਭਰਨ ਦਾ ਇਕ ਹਥਿਆਰ ਹੈ। ਯੂ.ਪੀ.ਏ. ਦੀ ਇਹ ਸਰਕਾਰ ਜਿਸਨੂੰ ਸੀ.ਪੀ.ਆਈ ਅਤੇ ਸੀ.ਪੀ.ਆਈ (ਐਮ) ਹਿਮਾਇਤ ਕਰ ਰਹੀਆਂ ਹਨ, ਅਮੀਰਾਂ ਦੀਆਂ ਜੇਬਾਂ ਭਰਨ ਦੀ ਹੱਥਠੋਕਾ ਹੈ।

ਰਾਸ਼ਟਰਪਤੀ ਕਲਾਮ ਤੋਂ ਲੈਕੇ ਸਰਕਾਰ ਦੇ ਹੋਰ ਮੰਤਰੀ ਅਤੇ ਮੀਡੀਆਂ ਬਹੁਤ ਰੌਲਾ ਪਾ ਰਿਹਾ ਹੈ ਕਿ ਇਸ ਬਜਟ ਵਿਚ ਭਾਰਤ ਨਿਰਮਾਣ ਲਈ ਦੇਹਾਤੀ ਇਲਾਕਿਆਂ ਲਈ ਖ਼ਾਸ ਤਵੱਜੋ ਦਿਤੀ ਗਈ ਹੈ। ਪਰ ਇਹ ਪਹਿਲਾਂ ਵਾਂਗ ਹੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦਾ ਐਲਾਨ ਹੈ। ਜਦੋਂ ਖੇਤੀ, ਸਨਅਤ, ਬਿਜਲੀ, ਯਾਤਾਯਾਤ, ਵਿਗਿਆਨ ਅਤੇ ਤਕਨੀਕੀ ਸੇਵਾਵਾਂ ਤੇ ਬਜਟ ਦਾ ਸਿਰਫ ੨.੬% ਹੀ ਖਰਚ ਕਰਨ ਦੀ ਤਜਵੀਜ ਕੀਤੀ ਗਈ ਹੈ ਤਾਂ ਦੇਹਾਤੀ ਇਲਾਕਿਆਂ ਦਾ ਨਿਰਮਾਣ ਕਿਸ ਤਰਾਂ ਹੋ ਸਕਦਾ ਹੈ? ਇਹ ਸੱਭ ਰੌਲਾ ਦੇਹਾਤੀ ਇਲਾਕਿਆਂ ਵਿਚ ਆਪਣੇ ਭੈੜੇ ਹਾਲ ਖਿਲਾਫ ਵੱਧ ਰਹੇ ਲੋਕਾਂ ਦੇ ਰੋਸ ਨੂੰ ਕੂੜ ਪ੍ਰਚਾਰ ਵਿਚ ਡੁਬਾਉਣ ਅਤੇ ਉਨ੍ਹਾਂ ਦੇ ਘੋਲਾਂ ਨੂੰ ਕੁਰਾਹੇ ਪਾਉਣ ਦੀ ਹੀ ਤਜਵੀਜ਼ ਹੈ।

ਇਹ ਬਜਟ ਇਕ ਬਾਰ ਫਿਰ ਦਸਦਾ ਹੈ ਕਿ ਲੋਕ ਤਾਕਤ ਆਪਣੇ ਹੱਥ ਵਿਚ ਤਾਕਤ ਲੈਕੇ ਹੀ ਆਪਣਾ ਭਲਾ ਕਰ ਸਕਦੇ ਹਨ ਅਤੇ ਉਨ੍ਹਾਂ ਦਾ ਭਲਾ ਇਸ ਰਾਜ ਤੰਤਰ ਅਤੇ ਪ੍ਰਣਾਲੀ ਵਿਚ ਨਹੀਂ ਹੋ ਸਕਦਾ। ਉਨ੍ਹਾਂ ਨੂੰ ਆਪਣੇ ਸੁੱਖ ਅਤੇ ਰਖਿਆ ਲਈ, ਹਿੰਦੁਸਤਾਨ ਦੀ ਨਵੀਂ ਉਸਾਰੀ ਅਤੇ ਨਵਨਿਰਮਾਣ ਲਈ ਤਾਕਤ ਆਪਣੇ ਹੱਥ ਵਿਚ ਹੀ ਲੈਣੀ ਪਵੇਗੀ। ਇਹਦੇ ਇਲਾਵਾਂ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਹੈ।